ਸੈਸ਼ਨ 2020-21

ਸ਼ੀਟ ਨੰ: 02

DEPARTMENT OF SCHOOL EDUCATION

# ਈ-ਸ਼ਬਦ



## ਅੱਜ ਦਾ ਸ਼ਬਦ "ਹਾਰਡਵੇਅਰ"

"ਹਾਰਡਵੇਅਰ" ਸ਼ਬਦ ਤੋਂ ਭਾਵ ਹੈ ਕੋਈ ਵੀ ਮਸ਼ੀਨ, ਔਜ਼ਾਰ, ਹਥਿਆਰ ਜਾਂ ਕੋਈ ਹੋਰ ਯੰਤਰ ਜਿਸ ਦੀ ਮਦਦ ਨਾਲ ਇੱਕ ਖਾਸ ਕਿਸਮ ਦਾ ਕਾਰਜ ਕੀਤਾ ਜਾ ਸਕਦਾ ਹੋਵੇ। ਕੰਪਿਊਟਰ ਦੇ ਖੇਤਰ ਵਿੱਚ ਇਸ ਦਾ ਪ੍ਰਯੋਗ ਕੰਪਿਊਟਰ ਦੇ ਭੌਤਿਕ ਭਾਗਾਂ ਨੂੰ ਦਰਸ਼ਾਉਣ ਲਈ ਕੀਤਾ ਜਾਂਦਾ ਹੈ। ਕੰਪਿਊਟਰ ਦੇ ਸਾਰੇ ਭਾਗ, ਜਿਹਨਾਂ ਨੂੰ ਛੂਹਿਆ ਜਾ ਸਕਦਾ ਹੈ ਅਤੇ ਜਿਹਨਾਂ ਦਾ ਭਾਰ ਹੁੰਦਾ ਹੈ, ਨੂੰ ਹਾਰਡਵੇਅਰ ਵਜੋਂ ਜਾਣਿਆ ਜਾ ਸਕਦਾ ਹੈ। ਕੰਪਿਊਟਰ ਇੱਕ ਇਲੈਕਟ੍ਰਾਨਿਕ (Electronic) ਮਸ਼ੀਨ ਹੋਣ ਕਾਰਨ ਇਸਦੇ ਹਾਰਡਵੇਅਰ ਭਾਗ ਜਿਆਦਾ ਇਲੈਕਟ੍ਰਾਨਿਕ ਯੰਤਰਾਂ ਦੇ ਰੂਪ ਵਿੱਚ ਹੁੰਦੇ ਹਨ ਜੋ ਕਿ ਸਿਲੀਕਾਨ, ਤਾਂਬਾ, ਨਿੱਕਲ, ਕਰੋਮੀਅਮ (Chromium), ਐਲੂਮੀਨੀਅਮ (Aluminium),ਟਿਨ ਅਤੇ ਚਾਂਦੀ ਆਦਿ ਧਾਤਾਂ ਤੋਂ ਬਣੇ ਹੁੰਦੇ ਹਨ। ਕੰਪਿਊਟਰ ਦੇ ਹਾਰਡਵੇਅਰ ਭਾਗਾਂ ਦੀ ਬਣਤਰ ਅਤੇ ਆਕਾਰ, ਟੈਕਨੋਲੋਜੀ ਦੇ ਵਿਕਾਸ ਨਾਲ ਬਦਲਦੀ ਜਾ ਰਹੀ ਹੈ ਜਿਸ ਵਿੱਚ ਛੋਟੇ ਆਕਾਰ ਅਤੇ ਵੱਧ ਗੁਣਵੱਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

ਕੰਪਿਊਟਰ ਹਾਰਡਵੇਅਰ ਦੇ ਸਾਰੇ ਭਾਗਾਂ ਦਾ ਮੁੱਖ ਮੰਤਵ ਕੰਪਿਊਟਰ ਸਿਸਟਮ ਵਿੱਚ ਕੋਈ ਨਿਰਧਾਰਿਤ ਕੰਮ ਕਰਨਾ ਹੁੰਦਾ ਹੈ। ਇਹਨਾਂ ਨੂੰ ਇਨਪੁੱਟ, ਆਊਟਪੁੱਟ, ਪ੍ਰੋਸੈੱਸਿੰਗ (Processing), ਡਿਸਪਲੇ (Display), ਸਟੋਰੇਜ਼ (Storage), ਸੰਚਾਰ ਆਦਿ ਵੱਖ-ਵੱਖ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ।

## Word of the Day is "Hardware"

"Hardware" means a machine, gadget, weapon or any other device which is used to perform any specific task. In the field of computer, it refers to the physical parts of the computer. All the parts which can be touched, which are having their own mass are known as "Hardware". As computer is an electronic machine and its most of the parts are in the form of electronic devices which are made up of Silicon, Copper, Nickel, Chromium and Silver. Shape and size of computer hardware is changing with the development of technology, which is mainly focused on small size and more efficiency.

The main motive of all parts of computer hardware is to perform a specific task. We can classify them as 'Input', 'Output', 'Processing', 'Display', 'Storage', and 'Communication' etc. categories.

### ਰੋਚਕ ਤੱਥ:-

ਦੁਨੀਆ ਦਾ ਸਭ ਤੋਂ ਪਹਿਲਾ ਮਾਊਸ 1964 ਈ. ਵਿੱਚ ਬਣਾਇਆ ਗਿਆ ਸੀ। ਇਸ ਦੀ ਪੂਰੀ ਬਾਡੀ ਲੱਕੜ ਦੀ ਬਣਾਈ ਗਈ ਸੀ। ਇਹ ਮਾਊਸ ਕੇਵਲ ਦੋ ਦਿਸ਼ਾਵਾਂ (ਉੱਪਰ ਅਤੇ ਹੇਠਾਂ ) ਵੱਲ ਹੀ ਮੂਵ ਕੀਤਾ ਜਾ ਸਕਦਾ ਸੀ।

### Interesting Facts:-

The first mouse was created in 1964. Its full body was made up of wood. This mouse was able to move in two directions (up and down) only.